



# Orientation to Ontario

1-855-626-0002
https://settlement.org/o2o




## ਕਾਨੂੰਨੀ ਹੱਕ ਅਤੇ ਸੇਵਾਵਾ

### THE CANADIAN CHARTER OF RIGHTS AND FREEDOMS - ਹੱਕਾਂ ਅਤੇ ਅਜ਼ਾਦੀ ਬਾਰੇ ਕਨੈਡੀਅਨ ਚਾਰਟਰ

ਇਹ ਚਾਰਟਰ ਮਰਦਾਂ ਅਤੇ ਔਰਤਾਂ ਦੋਹਾਂ ਦੇ ਹੇਠਾਂ ਦਿੱਤੇ ਹੱਕਾਂ ਅਤੇ ਅਜ਼ਾਦੀ ਦੀ ਰਾਖੀ ਕਰਦਾ ਹੈ:

- ਆਪਣੀਆਂ ਆਸਥਾਵਾਂ ਨੂੰ ਪ੍ਰਗਟਾਉਣ ਦੀ ਅਜ਼ਾਦੀ।
- ਜਿਸ ਕਿਸੇ ਵੀ ਨੂੰ ਤੁਸੀਂ ਚਾਹੁੰਦੇ ਹੋ, ਨਾਲ ਜੁੜਣ ਦੀ ਅਜ਼ਾਦੀ।
- ਆਪਣਾ ਧਰਮ ਮੰਨਣ ਦੀ ਅਜ਼ਾਦੀ।
- ਕਨੇਡਾ ਵਿੱਚ ਕਿਤੇ ਵੀ ਰਹਿਣ ਦਾ ਹੱਕ।
- ਗ਼ੈਰਕਾਨੂੰਨੀ ਗਿਰਫ਼ਤਾਰੀ ਤੋਂ ਬਚਣ ਦਾ ਹੱਕ ਅਤੇ ਕਾਨੂੰਨ ਦੇ ਬਣਦੇ ਅਮਲ ਦਾ ਹੱਕ।
- ਬੰਸ, ਰਾਸ਼ਟਰੀ ਜਾਂ ਨਸਲੀ ਮੂਲ, ਰੰਗ, ਧਰਮ, ਲਿੰਗ, ਉਮਰ ਜਾਂ ਮਾਨਸਿਕ ਜਾਂ ਸਰੀਰਕ ਅਸਮਰਥਤਾ (ਅਪੰਗਤਾ) ਦੇ ਅਧਾਰ 'ਤੇ ਬਿਨਾ ਕਿਸੇ ਪੱਖਪਾਤ ਦੇ ਕਾਨੂੰਨ ਦੀ ਇੱਕੋ ਜਿਹੀ ਰਾਖੀ ਅਤੇ ਇੱਕੋ ਜਿਹੇ ਲਾਭ ਦਾ ਹੱਕ।
- ਅੰਗ੍ਰੇਜ਼ੀ ਜਾਂ ਫ੍ਰੈਂਚ ਵਿੱਚੋਂ ਕਿਸੇ ਵਿੱਚ ਵੀ ਫ਼ੈਡਰਲ ਸਰਕਾਰ ਤੋਂ ਸੇਵਾਵਾਂ ਲੈਣ ਦਾ ਹੱਕ।

ਨਿਆਂ-ਵਿਭਾਗ 'ਤੇ ਚਾਰਟਰ ਬਾਰੇ ਜਾਣੋ: justice.gc.ca ਜਾਂ findlink.at/constiacts

### THE ONTARIO HUMAN RIGHTS CODE - ਓਂਟਾਰੀਓ ਦਾ ਮਨੁੱਖੀ ਹੱਕਾਂ ਬਾਰੇ ਕੋਡ

ਇਸ ਕੋਡ ਹੇਠ, ਵਿਅਕਤੀ ਦੀ ਉਮਰ, ਬੰਸ, ਨਸਲੀ ਮੂਲ, ਮੂਲ ਦੀ ਥਾਂ, ਧਰਮ, ਅਸਮਰੱਥਾ (ਅਪੰਗਤਾ), ਵਿਆਹੁਤਾ ਸਥਿਤੀ (ਇਸ ਵਿੱਚ ਸਮਲਿੰਗੀ ਸਾਥੀ ਦੀ ਸਥਿਤੀ), ਪਛਾਣ, ਜੁਰਮਾਂ ਦੇ ਰਿਕਾਰਡ, ਸੈਕਸ ਜੈਂਡਰ ਜਾਂ ਜਿਨਸੀ ਰੁਝਾਨ ਦੇ ਅਧਾਰ 'ਤੇ ਰੋਜ਼ਗਾਰ, ਹਾਊਸਿੰਗ ਅਤੇ ਸੇਵਾਵਾਂ ਦੇ ਖੇਤਰਾਂ ਵਿੱਚ ਵਿਅਕਤੀ ਖ਼ਿਲਾਫ਼ ਪੱਖਪਾਤ ਜਾਂ ਤੰਗ-ਪਰੇਸ਼ਾਨ ਕਰਨਾ ਗ਼ੈਰਕਾਨੂੰਨੀ ਹੈ।

ਜੇ ਤੁਹਾਨੂੰ ਲੱਗਦਾ ਹੈ ਕਿ ਇਹਨਾਂ ਸੁਰੱਖਿਅਤ ਸਥਿਤੀਆਂ ਵਿੱਚੋਂ ਇੱਕ ਦੇ ਅਧਾਰ 'ਤੇ ਤੁਹਾਡੇ ਨਾਲ ਵਿਤਕਰਾ ਹੋਇਆ ਹੈ, ਤਾਂ ਤੁਸੀਂ ਮਨੁੱਖੀ ਹੱਕਾਂ ਦੇ ਟ੍ਰਿਬਿਊਨਲ ਕੋਲ ਦਾਅਵਾ ਕਰ ਸਕਦੇ ਹੋ। ਮਨੁੱਖੀ ਹੱਕਾਂ ਬਾਰੇ ਕਾਨੂੰਨੀ ਸਹਾਇਤਾ ਸੈਂਟਰ ਤੋਂ ਮਦਦ ਲੈਣ ਲਈ hrlsc.on.ca 'ਤੇ ਜਾਓ।

ਓਂਟਾਰੀਓ ਦੇ ਮਨੁੱਖੀ ਹੱਕਾਂ ਬਾਰੇ ਕਮੀਸ਼ਨ 'ਤੇ ਓਂਟਾਰੀਓ ਵਿੱਚ ਮਨੁੱਖੀ ਹੱਕਾਂ ਬਾਰੇ ਹੋਰ ਜਾਣੋ: ohrc.on.ca

### ਨੌਜਵਾਨਾਂ ਦੇ ਹੱਕ

ਹਾਲਾਂਕਿ ਇੱਕ ਨੌਜਵਾਨ ਨੂੰ 18 ਸਾਲ ਦੀ ਉਮਰ 'ਤੇ ਬਾਲਗ਼ ਮੰਨਿਆ ਜਾਂਦਾ ਹੈ, ਪਰ ਉਮਰ ਦੇ ਅਧਾਰ 'ਤੇ ਹੋਰ ਕਾਨੂੰਨ ਹਨ। ਓਂਟਾਰੀਓ ਵਿੱਚ ਤੰਬਾਕੂ ਨਾਲ ਬਣੇ ਉਤਪਾਦ ਪੀਣ ਜਾਂ ਖ਼ਰੀਦਣ ਲਈ ਤੁਹਾਡੀ ਉਮਰ 19 ਸਾਲ ਜ਼ਰੂਰ ਹੋਣੀ ਚਾਹੀਦੀ ਹੈ। ਕੁਝ ਛੋਟਾਂ ਨਾਲ ਜਿਨਸੀ ਸਰਗਰਮੀ ਲਈ ਸਹਿਮਤੀ ਦੀ ਉਮਰ 16 ਸਾਲ ਹੈ।

justice.gc.ca ਜਾਂ findlink.at/ageconsent 'ਤੇ ਸਹਿਮਤੀ ਦੀ ਉਮਰ ਬਾਰੇ ਹੋਰ ਜਾਣੋ।

### ਕਾਨੂੰਨੀ ਸੇਵਾਵਾਂ

ਓਂਟਾਰੀਓ ਦੇ ਕਾਨੂੰਨੀ ਪ੍ਰਬੰਧ ਅਤੇ ਕਾਨੂੰਨੀ ਸੇਵਾਵਾਂ ਤੱਕ ਕਿਵੇਂ ਪਹੁੰਚ ਕਰੋ , ਬਾਰੇ ਹੋਰ ਜਾਣੋ:
ਓਂਟਾਰੀਓ ਵਿੱਚ ਵਕੀਲਾਂ ਅਤੇ ਪੈਰਾ ਲੀਗਲ ਦੀ ਡਾਇਰੈਕਟਰੀ ਲਈ lsuc.on.ca ਜਾਂ findlink.at/tlsu 'ਤੇ ਅਪਰ ਕਨੇਡਾ ਦੀ ਕਾਨੂੰਨੀ ਸੁਸਾਇਟੀ (Law Society of Upper Canada) 'ਤੇ ਜਾਓ।

Funded by / Financé par

Immigration, Refugees and Citizenship Canada
Immigration, Réfugiés et Citoyenneté Canada
Ontario

- ਕਾਨੂੰਨੀ ਸਹਾਇਤਾ ਓਂਟਾਰੀਓ (Legal Aid Ontario) ਘੱਟ ਆਮਦਨ ਵਾਲੇ ਲੋਕਾਂ ਨੂੰ ਕਾਨੂੰਨੀ ਸੇਵਾਵਾਂ ਦਿੰਦੀ ਹੈ। 1-800-668-8258 'ਤੇ ਕਾਲ ਕਰੋ ਜਾਂ legalaid.on.ca 'ਤੇ ਜ.
- Settlement.org ਕਨੇਡਾ ਦੇ ਕਾਨੂੰਨੀ ਪ੍ਰਬੰਧ ਅਤੇ ਕਾਨੂੰਨੀ ਸੇਵਾਵਾਂ ਬਾਰੇ ਜਾਣਕਾਰੀ ਮੁਹੱਈਆ ਕਰਦੀ ਹੈ: settlement.org ਜਾਂ findlink.at/Legal-Serv
- ਭਾਈਚਾਰਕ ਕਾਨੂੰਨੀ ਸਿੱਖਿਆ ਓਂਟਾਰੀਓ (Community Legal Education Ontario) ਲੋਕਾਂ ਦੇ ਹੱਕ ਅਤੇ ਜ਼ਿੰਮੇਵਾਰੀਆਂ ਬਾਰੇ ਸਮਝਣ ਵਿੱਚ ਉਹਨਾਂ ਦੀ ਮਦਦ ਕਰਨ ਲਈ ਤੱਥ-ਸ਼ੀਟਾਂ ਤਿਆਰ ਕਰਦੀ ਹੈ। ਹੋਰ ਜਾਣਕਾਰੀ ਲਈ cleo.on.ca 'ਤੇ ਜਾਓ।
- ਕਾਨੂੰਨੀ ਜਾਣਕਾਰੀ (170 ਤੋਂ ਵੱਧ ਭਾਸ਼ਾਵਾਂ ਵਿੱਚ ਉਪਲਬਧ) ਲਈ 1-866-252-0104 'ਤੇ ਕਾਲ ਕਰੋ ਜਾਂ ਜਸਟਿਸ ਓਂਟਾਰੀਓ (Justice Ontario): attorneygeneral.jus.gov.on.ca ਜਾਂ findlink.at/on-justice 'ਤੇ ਜਾਓ।

ਜੇ ਤੁਹਾਨੂੰ ਲੱਗਦਾ ਹੈ ਕਿ ਓਂਟਾਰੀਓ ਸਰਕਾਰ ਵਲੋਂ ਤੁਹਾਡੇ ਨਾਲ ਅਣਉਚਿਤ ਵਿਹਾਰ ਕੀਤਾ ਗਿਆ ਹੈ, ਤਾਂ ਤੁਸੀਂ ਓਂਟਾਰੀਓ ਦੇ ਲੋਕਪਾਲ (Ombudsman of Ontario) ਨੂੰ ਘਟਨਾ ਦੀ ਰਿਪੋਰਟ ਕਰ ਸਕਦੇ ਹੋ: ombudsman.on.ca

**ਅਹਿਮ ਟਿੱਪਣੀ**

ਓਂਟਾਰੀਓ ਵਿੱਚ ਦੋ ਅਹਿਮ ਕਾਨੂੰਨ, ਤੁਹਾਡੇ ਕਾਨੂੰਨੀ ਹੱਕਾਂ ਅਤੇ ਅਜ਼ਾਦੀ ਦੀ ਰਾਖੀ ਕਰਦੇ ਹਨ:

- ਹੱਕਾਂ ਅਤੇ ਅਜ਼ਾਦੀ ਬਾਰੇ ਕਨੈਡੀਅਨ ਚਾਰਟਰ
- ਓਂਟਾਰੀਓ ਦਾ ਮਨੁੱਖੀ ਹੱਕਾਂ ਬਾਰੇ ਕੋਡ

